





ਸੌਖਾ





# ਸੌਖਾ


## ਵਿਦਿਆਰਥੀ ਦੀ ਕਿਤਾਬ



# ਪਾਠ 1

## ਨਾ ਦਿਖਣ ਵਾਲੀ ਦੁਨੀਆਂ

ਬਾਈਬਲ ਦੀ ਕਹਾਣੀ
ਈਸਾ ਮਸੀਹ ਸਵਰਗ ਵੱਲ ਨੂੰ ਵਧਦਾ ਹੈ
(ਐਕਟਸ 1: 1-11)



ਯਾਦਦਾਸ਼ਤ ਤੁਕ:
"ਮੁਕਦੀ ਗੱਲ, ਪ੍ਰਭੁ ਵਿੱਚ ਅਤੇ ਉਹ ਦੀ ਸ਼ਕਤੀ ਦੇ ਪਰਾਕਰਮ ਵਿੱਚ ਤਕੜੇ ਹੋਵੋ! ਪਰਮੇਸ਼ੁਰ ਦੇ ਸਾਰੇ ਸ਼ਸ਼ਤ੍ਰ ਬਸਤ੍ਰ ਧਾਰੋ ਤਾਂ ਜੋ ਤੁਸੀਂ ਸ਼ਤਾਨ ਦੇ ਛਲ ਛਿੱਦ੍ਰਾਂ ਦੇ ਸਾਹਮਣੇ ਖਲੋ ਸੱਕੋ"
ਅਫ਼ਸੀਆਂ ਨੂੰ 6:10-11





☑"ਮੈਂ ਇਸ ਨਾ ਦਿਖਣ ਵਾਲੀ ਦੁਨੀਆਂ 'ਤੇ ਯਕੀਨ ਕਰਦਾ ਹਾਂ ਅਤੇ ਪ੍ਰਮਾਤਮਾ ਦਾ ਪੂਰਾ ਕਵਚ ਪਹਿਨਣ ਲਈ ਤਿਆਰ ਹਾਂ।"

ਸ਼ੁਰੂਆਤੀ: ☐







## ਬੂਟ ਕੈਂਪ

ਆਪਣੀ ਇੱਕ ਅਜਿਹੀ ਤਸਵੀਰ ਬਣਾਓ ਜਿਸ ਵਿੱਚ ਦੇਵਦੂਤ ਤੁਹਾਡੀ ਕਿਸੇ ਤਰੀਕੇ ਮਦਦ ਕਰ ਰਿਹਾ ਹੋਵੇ। ਕਿਸੇ ਅਜਿਹੀ ਖ਼ਤਰਨਾਕ ਜਗ੍ਹਾ ਬਾਰੇ ਜਾਂ ਭੈੜੇ ਹਾਲਾਤਾਂ ਬਾਰੇ ਸੋਚੋ ਜਿਨ੍ਹਾਂ 'ਚੋਂ ਤੁਸੀਂ ਗੁਜ਼ਰਦੇ ਹੋ।




www.ChildrenAreImportant.com – Children's ministry resources, Sunday School, and Vacation Bible School (VBS) curriculum for churches and teachers.



# ਪਾਠ 2

## ਹਨੇਰੇ ਖਿਲਾਫ ਲੜੋ

ਬਾਈਬਲ ਦੀ ਕਹਾਣੀ
ਜੇਲ 'ਚ ਪੌਲ ਅਤੇ ਸਿਲਾਸ
(ਐਕਟਸ 16:16-31)



ਯਾਦਦਾਸ਼ਤ ਤੁਕ:
"ਕਿਉਂ ਜੋ ਸਾਡੀ ਲੜਾਈ ਲਹੂ ਅਤੇ ਮਾਸ ਨਾਲ ਨਹੀਂ ਸਗੋਂ ਹਕੂਮਤਾਂ ਇਖ਼ਤਿਆਰਾਂ, ਅਤੇ ਅੰਧਘੋਰ ਦੇ ਮਹਾਰਾਜਿਆਂ ਅਤੇ ਦੁਸ਼ਟ ਆਤਮਿਆਂ ਨਾਲ ਹੁੰਦੀ ਹੈ ਜੋ ਸੁਰਗੀ ਥਾਵਾਂ ਵਿੱਚ ਹਨ."
ਅਫ਼ਸੀਆਂ ਨੂੰ 6:12





☑"ਮੈਂ ਦੁਸ਼ਮਣ ਖਿਲਾਫ ਲੜਾਂਗਾ, ਤੇ ਨਾ ਕਿ ਮੇਰੇ ਆਸੇ-ਪਾਸੇ ਰਹਿੰਦੇ ਲੋਕਾਂ ਨਾਲ।"

ਸ਼ੁਰੂਆਤੀ: ☐






## ਬੂਟ ਕੈਂਪ

ਆਪਣੇ ਆਲੇ-ਦੁਆਲੇ ਦੇ ਲੋਕਾਂ ਦੇ ਕੰਮਾਂ ਅਤੇ ਸ਼ਬਦਾਂ 'ਤੇ ਧਿਆਨ ਰੱਖੋ ਅਤੇ ਰੂਹਾਨੀ ਹਮਲਿਆਂ ਨੂੰ ਪਹਿਚਾਣੋ। ਜਦੋਂ ਤੁਸੀਂ ਕਿਸੇ ਨੂੰ ਦੂਜੇ ਪ੍ਰਤੀ ਮਤਲਬੀ ਹੁੰਦੇ ਦੇਖਦੇ ਹੋ ਜਾਂ ਸੁਣਦੇ ਹੋ, ਤਾਂ ਇਸ ਗੱਲ ਦਾ ਧਿਆਨ ਰੱਖੋ ਕਿ ਉਸ ਵੇਲੇ ਸ਼ੈਤਾਨ ਕਿੰਨਾ ਖੁਸ਼ ਹੁੰਦਾ ਹੈ ਅਤੇ ਪ੍ਰਮਾਤਮਾ ਕਿੰਨਾ ਦੁਖੀ ਹੁੰਦਾ ਹੈ। ਜੋ ਵੀ ਹੋਇਆ, ਆਪਣੇ ਅਧਿਆਪਕ ਨੂੰ ਉਹ ਦੱਸਣ ਦੀ ਤਿਆਰੀ ਕਰੋ, ਉਹ ਵੀ ਬਿਨਾਂ ਨਾਮ ਵਰਤੇ।



www.ChildrenAreImportant.com – Children's ministry resources, Sunday School, and Vacation Bible School (VBS) curriculum for churches and teachers.




# ਪਾਠ 3

ਡਟੇ ਰਹੋ

ਬਾਈਬਲ ਦੀ ਕਹਾਣੀ
ਸਟੀਫਨ ਦੀ ਮੌਤ
(ਐਕਟਸ 6:8-15, 7:51-60)








ਯਾਦਦਾਸ਼ਤ ਤੁਕ :
"ਇਸ ਕਾਰਨ ਤੁਸੀਂ ਪਰਮੇਸ਼ੁਰ ਦੇ ਸਾਰੇ ਸ਼ਸ਼ਤ੍ ਬਸ਼ਤ੍ ਲੈ ਲਵੋ ਭਈ ਤੁਸੀਂ ਬੁਰੇ ਦਿਨ ਵਿੱਚ ਸਾਹਮਣਾ ਕਰ ਸੱਕੋ ਅਤੇ ਸੱਭੋ ਕੁਝ ਮੁਕਾ ਕੇ ਖਲੋ ਸੱਕੋ"
ਅਫ਼ਸੀਆਂ ਨੂੰ 6:13

☑"ਮੈਂ ਡਟੇ ਰਹਾਂਗਾ।"

ਸ਼ੁਰੂਆਤੀ:





## ਬੂਟ ਕੈਂਪ

ਸਕੂਲ 'ਚ ਇੱਕ ਬਾਈਬਲ ਲਿਆਓ ਅਤੇ ਇਸਨੂੰ ਆਪਣੇ ਬੈਗ 'ਚ ਨਾ ਛੁਪਾਓ। ਜਿਸਤੇ ਵੀ ਤੁਹਾਡਾ ਵਿਸ਼ਵਾਸ ਹੈ ਉਸਦੇ ਲਈ ਖੜ੍ਹੇ ਰਹੋ ਡਟੇ ਰਹੋ ਅਤੇ ਇੱਕ ਈਸਾਈ ਹੋਣ 'ਚ ਸ਼ਰਮ ਮਹਿਸੂਸ ਨਾ ਕਰੋ।




www.ChildrenAreImportant.com – Children's ministry resources, Sunday School, and Vacation Bible School (VBS) curriculum for churches and teachers.



# ਪਾਠ 4

## ਸੱਚਾਈ ਭਰੀ ਬੈਲਟ

ਬਾਈਬਲ ਦੀ ਕਹਾਣੀ
ਐਨਾਨਾਇਸ ਅਤੇ ਸਫਾਇਰਾ
(ਐਕਟ 5:1-10)



☑"ਮੈਂ ਇਮਾਨਦਾਰੀ ਨਾਲ ਜ਼ਿੰਦਗੀ ਜਿਉਣਾ ਪਸੰਦ ਕਰਾਂਗਾ।"

ਸ਼ੁਰੂਆਤੀ:

ਯਾਦਦਾਸ਼ਤ ਤੁਕ :
"ਸੋ ਤੁਸੀਂ ਆਪਣੀ ਕਮਰ ਸਚਿਆਈ ਨਾਲ ਕੱਸ ਕੇ ਅਤੇ ਧਰਮ ਦੀ ਸੰਜੋ ਪਹਿਨ ਕੇ"
ਅਫ਼ਸੀਆਂ ਨੂੰ 6:14





## ਬੂਟ ਕੈਂਪ

ਅਜਿਹੇ ਝੂਠ ਬਾਰੇ ਸੋਚੋ ਜੋ ਤੁਸੀਂ ਕਦੇ ਬੋਲਿਆ ਹੋਵੇ ਅਤੇ ਇਸਨੂੰ ਲਿਖੋ। ਕੋਈ ਗੱਲ ਨੀ ਜੇ ਤੁਸੀਂ ਇਹ ਝੂਠ ਹਾਲ ਹੀ 'ਚ ਨਾ ਮਾਰਿਆ ਹੋਵੇ, ਪਰ ਜਦੋਂ ਤੁਸੀਂ ਛੋਟੇ ਹੁੰਦੇ ਸੀ ਉਦੋਂ ਮਾਰਿਆ ਹੋਵੇਗਾ। ਹੁਣ ਉਹ ਸਾਰੇ ਝੂਠਾਂ ਦੀ ਸੂਚੀ ਬਣਾਓ ਜੋ ਤੁਸੀਂ ਪਹਿਲੇ ਝੂਠ ਨੂੰ ਛੁਪਾਉਣ ਲਈ ਬੋਲੇ ਹੋਣ। ਇਹ ਲਿਖੋ ਕਿ ਉਸ ਝੂਠ ਦੇ ਕਰਕੇ ਕਿਸਨੂੰ ਠੇਸ ਪਹੁੰਚੀ?



www.ChildrenAreImportant.com – Children's ministry resources, Sunday School, and Vacation Bible School (VBS) curriculum for churches and teachers.



# ਪਾਠ 5

## ਇਮਾਨਦਾਰੀ ਭਰਿਆ ਛਾਤੀ ਕਵਚ


ਬਾਈਬਲ ਦੀ ਕਹਾਣੀ
ਕੌਰਨੀਲੀਅਸ
(ਐਕਟ 10:9-23)



ਯਾਦਦਾਸ਼ਤ ਤੁਕ :
"ਸੋ ਤੁਸੀਂ ਆਪਣੀ ਕਮਰ ਸਚਿਆਈ ਨਾਲ ਕੱਸ ਕੇ ਅਤੇ ਧਰਮ ਦੀ ਸੰਜੋ ਪਹਿਨ ਕੇ." ਅਫ਼ਸੀਆਂ ਨੂੰ 6:14

☑"ਮੈਂ ਹਮੇਸ਼ਾ ਸਹੀ ਕੰਮ ਕਰਾਂਗਾ।"

ਸ਼ੁਰੂਆਤੀ:





## ਬੂਟ ਕੈਂਪ

ਉਹ ਕੌਣ ਹੈ ਜਿਸਨੂੰ ਤੁਸੀਂ ਇਸ ਕਰਕੇ ਜਾਣਦੇ ਹੋ ਅਤੇ ਇਸ ਕਰਕੇ ਆਦਰ ਕਰਦੇ ਹੋ ਕਿਉਂਕਿ ਤੁਹਾਨੂੰ ਉਹਨਾਂ ਦਾ ਰਹਿਣ ਦਾ ਤਰੀਕਾ ਤੇ ਦੂਜਿਆਂ ਨਾਲ ਗੱਲ ਕਰਨ ਦਾ ਤਰੀਕਾ ਵਧੀਆ ਲਗਦਾ ਹੈ? (ਜਿਵੇਂ ਕਿ ਅੱਜ ਦੀ ਬਾਈਬਲ ਦੀ ਕਹਾਣੀ 'ਚ ਕੌਰਨੀਲੀਅਸ ਹੈ।) ਉਹਨਾਂ ਦੀ ਚੰਗੀ ਜ਼ਿੰਦਗੀ ਦੀ ਗਵਾਹੀ ਦੱਸਦੇ ਹੋਏ ਇੱਕ ਵਾਕ ਲਿਖੋ, ਅਤੇ ਫਿਰ ਜਾਓ ਤੇ ਉਹਨਾਂ ਨੂੰ ਇਸ ਬਾਰੇ ਦੱਸੋ।




www.ChildrenAreImportant.com – Children's ministry resources, Sunday School, and Vacation Bible School (VBS) curriculum for churches and teachers.




# ਪਾਠ 6

## ਸ਼ਾਂਤੀ ਭਰੀ ਖੁਸ਼ਖਬਰੀ ਦੇਣ ਵਾਲੇ ਜੁੱਤੇ

ਬਾਈਬਲ ਦੀ ਕਹਾਣੀ :
ਫਿਲਿਪ ਅਤੇ ਇਥੀਓਪੀਅਨ
(ਐਕਟ 8:26-40)



ਯਾਦਦਾਸ਼ਤ ਤੁਕ :
"ਅਤੇ ਮਿਲਾਪ ਦੀ ਖੁਸ਼ ਖਬਰੀ ਦੀ ਤਿਆਰੀ
ਦੀ ਜੁੱਤੀ ਆਪਣੇ ਪੈਰੀਂ ਪਾ ਕੇ ਖਲੋ ਜਾਓ !"
ਅਫ਼ਸੀਆਂ ਨੂੰ 6:15



☑"ਮੈਂ ਪ੍ਰਮਾਤਮਾ ਨਾਲ ਚੰਗਾ ਰਿਸ਼ਤਾ
ਬਣਾਕੇ ਰੱਖਾਂਗਾ ਅਤੇ ਹਮੇਸ਼ਾ ਉਹਨਾਂ ਦੀ
ਸੇਵਾ 'ਚ ਹਾਜ਼ਿਰ ਰਹਾਂਗਾ।"

ਸੁਣਾਈ: ☐



## ਬੂਟ ਕੈਂਪ

ਹੁਣ ਇਹ ਪਤਾ ਲਾਉਣ ਦਾ ਵੇਲਾ ਹੈ ਕਿ ਕਿਸੇ ਨੂੰ ਖੁਸ਼ਖਬਰੀ ਦੱਸਣ ਲਈ ਜਦੋਂ ਤਿਆਰ ਨਹੀਂ ਹੁੰਦੇ ਤਾਂ ਕਿਵੇਂ ਮਹਿਸੂਸ ਹੁੰਦਾ ਹੈ। ਪਹਿਲਾਂ, ਮੰਨ ਲਓ ਕਿ ਤੁਸੀਂ ਸੜਕ ਤੇ ਬਿਨਾਂ ਬੂਟ ਪਹਿਨੇ ਤੁਰ ਰਹੇ ਹੋ ਜਾਂ ਭੱਜ ਰਹੇ ਹੋ। ਓਏ! ਅੱਗੇ, ਜੇਕਰ ਤੁਹਾਨੂੰ ਕਿਸੇ ਨੇ ਪੁੱਛ ਲਿਆ ਕਿ ਈਸਾਈ ਕਿਵੇਂ ਬਣਿਆ ਜਾਵੇ ਤਾਂ ਤੁਸੀਂ ਕੀ ਕਹੋਂਗੇ।




www.ChildrenAreImportant.com – Children's ministry resources, Sunday School, and Vacation Bible School (VBS) curriculum for churches and teachers.




# ਪਾਠ 7

## ਵਿਸ਼ਵਾਸ ਭਰੀ ਸ਼ੀਲਡ

ਬਾਈਬਲ ਦੀ ਕਹਾਣੀ :
ਪੌਲ ਅਤੇ ਜਹਾਜ਼ ਦੀ ਤਬਾਹੀ
ਐਕਟ 27:21-37, 28:1





☑"ਮੈਂ ਪ੍ਰਮਾਤਮਾ 'ਤੇ ਵਿਸ਼ਵਾਸ ਕਰਦਾ ਹਾਂ ਅਤੇ ਨਿਹਚਾ ਰੱਖਦਾ ਹਾਂ।"

ਸ਼ੁਰੂਆਤੀ:

ਯਾਦਦਾਸ਼ਤ ਤੁਕ :
"ਓਹਨਾਂ ਸਭਨਾਂ ਸਣੇ ਨਿਹਚਾ ਦੀ ਢਾਲ ਲਾਓ ਜਿਹ ਦੇ ਨਾਲ ਤੁਸੀਂ ਉਸ ਦੁਸ਼ਟ ਦੇ ਸਾਰੇ ਅਗਣ ਬਾਣਾਂ ਨੂੰ ਬੁਝਾ ਸੱਕੋਗੇ ."
ਅਫ਼ਸੀਆਂ ਨੂੰ 6:16



## ਬੂਟ ਕੈਂਪ

ਇਸ ਹਫਤੇ ਅਜਿਹੀਆਂ ਚੀਜ਼ਾਂ ਦੀ ਸੂਚੀ ਬਣਾਕੇ ਲਿਖੋ ਜੋ ਤੁਹਾਨੂੰ ਲੱਗਦਾ ਹੈ ਕਿ ਬਾਈਬਲ ਵਿੱਚੋਂ ਹਨ ਪਰ ਉਹ ਦਿਖਦੀਆਂ ਨਹੀਂ ਹਨ, ਪਰ ਫਿਰ ਵੀ ਤੁਹਾਨੂੰ ਯਕੀਨ ਹੈ। ਤੁਹਾਨੂੰ ਕੀ ਲੱਗਦਾ ਹੈ ਕਿ ਦੁਸ਼ਮਣ ਤੁਹਾਡੀ ਸੂਚੀ 'ਚ ਦਿੱਤੇ ਕਿਹੜੇ ਇੱਕ ਤਰੀਕੇ ਨਾਲ ਤੁਹਾਡੇ 'ਤੇ ਹਮਲਾ ਕਰੇਗਾ?




www.ChildrenAreImportant.com – Children's ministry resources, Sunday School, and Vacation Bible School (VBS) curriculum for churches and teachers.



# ਪਾਠ 8

## ਰੱਖਿਆ ਕਰਨ ਲਈ ਹੈਲਮੇਟ

ਬਾਈਬਲ ਦੀ ਕਹਾਣੀ :
ਸੌਲ ਦੀ ਧਰਮ-ਬਦਲੀ
ਐਕਟ 9:1-19



ਯਾਦਦਾਸ਼ਤ ਤੁਕ :
"ਅਤੇ ਮੁਕਤੀ ਦਾ ਟੋਪ ਅਤੇ ਆਤਮਾ ਦੀ ਤਲਵਾਰ ਜੋ ਪਰਮੇਸ਼ੁਰ ਦੀ ਬਾਣੀ ਹੈ ਲੈ ਲਵੋ" ਅਫ਼ਸੀਆਂ ਨੂੰ 6:17



☑"ਮੈਂ ਆਪਣੀ ਰੱਖਿਆ ਲਈ ਪ੍ਰਮਾਤਮਾ ਈਸਾ ਮਸੀਹ 'ਤੇ ਵਿਸ਼ਵਾਸ ਕਰਾਂਗਾ।"

ਸ਼ੁਰੂਆਤੀ: ☐



## ਬੂਟ ਕੈਂਪ



ਆਪਣੀ ਬਾਈਬਲ ਦੇ ਪਹਿਲੇ ਪੇਜ 'ਤੇ ਲਿਖੋ ਕਿ ਤੁਸੀਂ ਰੱਖਿਆ ਲਈ ਕਦੋਂ ਤੇ ਕਿੱਥੇ ਪ੍ਰਾਰਥਨਾ ਕੀਤੀ। ਜੇਕਰ ਤੁਹਾਨੂੰ ਯਾਦ ਨਹੀਂ ਆ ਰਿਹਾ, ਤਾਂ ਤੁਸੀਂ ਇਸਨੂੰ ਹੁਣੇ ਕਰ ਸਕਦੇ ਹੋ! ਇੱਕ ਖਾਸ ਥਾਂ 'ਤੇ ਜਾਓ (ਆਪਣੇ ਬੈੱਡਰੂਮ 'ਚ, ਘਰ ਦੇ ਪਿੱਛੇ ਜਾਂ ਚਰਚ 'ਚ) ਅਤੇ ਪ੍ਰਮਾਤਮਾ ਨੂੰ ਕਹੋ ਕਿ ਉਹ ਤੁਹਾਨੂੰ ਮਾਫ਼ ਕਰ ਦੇਣ। ਤੁਹਾਡੇ ਪਾਪਾਂ ਦਾ ਭੁਗਤਾਨ ਕਰਨ ਲਈ ਈਸਾ ਮਸੀਹ ਨੇ ਜੋ ਆਪਣੀ ਜ਼ਿੰਦਗੀ ਕੁਰਬਾਨ ਕਰ ਦਿੱਤੀ ਉਸ ਲਈ ਧੰਨਵਾਦ ਕਰੋ, ਅਤੇ ਉਹਨਾਂ ਨੂੰ ਕਹੋ ਕਿ ਉਹ ਤੁਹਾਡੇ ਪਰਮੇਸ਼ੁਰ ਤੇ ਮਾਲਿਕ ਬਣ ਜਾਣ। ਉਹਨਾਂ ਨੂੰ ਦੱਸੋ ਕਿ ਤੁਸੀਂ ਉਹਨਾਂ ਲਈ ਜਿਉਣਾ ਚਾਹੁੰਦੇ ਹੋ। ਆਪਣੀ ਬਾਈਬਲ ਦੇ ਪਹਿਲੇ ਪੇਜ ਤੇ ਜਾਂ ਆਪਣੀ ਸਟੂਡੈਂਟ ਬੁੱਕ 'ਤੇ ਸਮਾਂ ਤੇ ਜਗ੍ਹਾ ਲਿਖੋ।




www.ChildrenAreImportant.com – Children's ministry resources, Sunday School, and Vacation Bible School (VBS) curriculum for churches and teachers.



# ਪਾਠ 9

## ਰੂਹਾਨੀ ਤਲਵਾਰ

ਬਾਈਬਲ ਦੀ ਕਹਾਣੀ :
ਪੀਟਰ ਭੀੜ ਨਾਲ ਗੱਲ ਕਰਦਾ ਹੈ
(ਐਕਟ 2:12-17, 22-30, 34-41)







ਯਾਦਦਾਸ਼ਤ ਤੁਕ :
"ਅਤੇ ਮੁਕਤੀ ਦਾ ਟੋਪ ਅਤੇ ਆਤਮਾ ਦੀ ਤਲਵਾਰ ਜੋ ਪਰਮੇਸ਼ੁਰ ਦੀ ਬਾਣੀ ਹੈ ਲੈ ਲਵੋ."
ਅਫ਼ਸੀਆਂ ਨੂੰ 6:17

☑"ਮੈਂ ਪ੍ਰਮਾਤਮਾ ਦੇ ਬਚਨ ਨੂੰ ਸਮਝਾਂਗਾ ਅਤੇ ਆਪਣੀ ਰੋਜ਼ਾਨਾ ਦੀ ਜ਼ਿੰਦਗੀ 'ਚ ਅਪਨਾਂਵਾਂਗਾ।"

ਸ਼ੁਰੂਆਤੀ:





## ਬੂਟ ਕੈਂਪ

ਬਾਈਬਲ ਦੀ ਤੁਕ ਯਾਦ ਕਰੋ ਜੋ ਅਜਿਹੀ ਲੜਾਈ ਨਾਲ ਮੇਲ ਖਾਂਦੀ ਹੋਵੇ ਜੋ ਤੁਸੀਂ ਰੋਜ਼ਾਨਾ ਲੜ ਰਹੇ ਹੋ ਅਤੇ ਅਗਲੇ ਹਫਤੇ ਆਪਣੇ ਅਧਿਆਪਕ ਨੂੰ ਇਸ ਬਾਰੇ ਦੱਸੋ। ਆਪਣੇ ਆਪ ਨੂੰ ਲੈਕੇ, ਆਪਣੀ ਸੰਪੱਤੀ ਨੂੰ ਲੈਕੇ, ਜਿਆਦਾ ਪਾਉਣ ਦੀ ਇੱਛਾ ਨੂੰ ਲੈਕੇ, ਰੂਹਾਨੀ ਸੁਰੱਖਿਆ ਨੂੰ ਲੈਕੇ, ਜਾਂ ਆਪਣੇ ਭਵਿੱਖ ਨੂੰ ਲੈਕੇ ਤੁਹਾਡੇ ਕਈ ਡਰ ਹੋ ਸਕਦੇ ਹਨ।




www.ChildrenAreImportant.com – Children's ministry resources, Sunday School, and Vacation Bible School (VBS) curriculum for churches and teachers.



# ਪਾਠ 10
## ਬਿਨਾਂ ਰੁਕੇ ਪ੍ਰਾਰਥਨਾ ਕਰੋ

ਬਾਈਬਲ ਦੀ ਕਹਾਣੀ :
ਪੀਟਰ ਜੇਲ 'ਚੋਂ ਭੱਜ ਜਾਂਦਾ ਹੈ।
12:1-19 ਐਕਟ





☑"ਮੈਂ ਹਮੇਸ਼ਾ ਪ੍ਰਾਰਥਨਾ ਕਰਾਂਗਾ, ਇਹ ਯਾਦ ਰੱਖਦੇ ਹੋਏ ਕਿ ਲੜਾਈ ਰੂਹਾਨੀ ਹੈ।"

ਸ਼ੁਰੂਆਤੀ:




ਯਾਦਦਾਸ਼ਤ ਤੁਕ :
"ਅਤੇ ਸਾਰੀ ਪ੍ਰਾਰਥਨਾ ਅਤੇ ਬੇਨਤੀ ਨਾਲ ਹਰ ਸਮੇਂ ਆਤਮਾ ਵਿੱਚ ਪ੍ਰਾਰਥਨਾ ਕਰਦੇ ਰਹੋ ਅਤੇ ਇਹ ਦੇ ਨੱਮਿਤ ਸਾਰਿਆਂ ਸੰਤਾਂ ਲਈ ਬਹੁਤ ਤਕੜਾਈ ਅਤੇ ਬੇਨਤੀ ਨਾਲ ਜਾਗਦੇ ਰਹੋ"
ਅਫ਼ਸੀਆਂ ਨੂੰ 6:18





## ਬੂਟ ਕੈਂਪ

ਆਦਤਾਂ ਨੂੰ ਪੱਕੇ ਕਰਨ ਲਈ 21 ਦਿਨਾਂ ਤੱਕ ਰੋਜ਼ਾਨਾ ਕੰਮ ਕਰਨਾ ਪੈਂਦਾ ਹੈ। ਹਰ ਸ਼ਾਮ ਬੈੱਡ 'ਤੇ ਆਉਂਦੇ ਹੀ ਪ੍ਰਾਰਥਨਾ ਕਰਨੀ ਸ਼ੁਰੂ ਕਰੋ। ਕੋਈ ਗੱਲ ਨੀ ਜੇ ਇਹ ਛੋਟੀ ਜਿਹੀ ਪ੍ਰਾਰਥਨਾ ਹੋਵੇ, ਪਰ ਤੁਸੀਂ ਕੋਈ ਵੀ ਦਿਨ ਛੱਡ ਨਹੀਂ ਸਕਦੇ। ਜੇ ਤੁਸੀਂ ਕਿਸੇ ਦਿਨ ਛੱਡ ਦਿੰਦੇ ਹੋ, ਤਾਂ ਸਵੇਰੇ ਸੁੱਤੇ ਉੱਠਣ ਤੋਂ ਪਹਿਲਾਂ ਤੱਕ ਦੋ ਵਾਰ ਪ੍ਰਾਰਥਨਾ ਕਰੋ। ਆਪਣੇ ਬੈੱਡ ਨੂੰ ਆਪਣੀ ਪ੍ਰਾਰਥਨਾ ਕਰਨ ਵਾਲੀ ਜਗ੍ਹਾ ਬਣਾਓ। ਜਦੋਂ ਤੁਸੀਂ 21 ਦਿਨ ਪ੍ਰਾਰਥਨਾ ਕਰ ਲਵੋਂ ਤਾਂ ਆਪਣੇ ਆਪ ਨੂੰ ਇਨਾਮ ਦਿਓ।




Easy Armor of God
Punjabi

10811

www.ChildrenAreImportant.com
info@childrenareimportant.com
We are located in Mexico.

ਚਿਲਡਰਨ ਆਰ ਇਮਪੋਰਟੈਂਟ